ਵੱਲੋ

ਸਪੈਸ਼ਲ ਡਾਇਰੈਕਟਰ ਜਨਰਲ,
ਸਟੇਟ ਆਰਮਡ ਪੁਲਿਸ ਜਲੰਧਰ ।

ਸੇਵਾ ਵਿਖੇ,

ਡਾਇਰੈਕਟਰ ਜਨਰਲ ਪੁਲਿਸ,
ਪੰਜਾਬ, ਚੰਡੀਗੜ੍ਹ। (ਅਮਲਾ-1 ਸ਼ਾਖਾ)।

ਨੰਬਰ /ਸੀ.ਬੀ-ਐਸ.ਏ-2 ਮਿਤੀ

ਵਿਸਾ:- ਮੁੱਖ ਸਿਪਾਹੀ ਰੈਂਕ ਵਿੱਚ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਨ ਸਬੰਧੀ ਪ੍ਰਤੀਬੇਨਤੀ

ਯਾਦ ਪੱਤਰ:-

ਹਵਾਲਾ ਇਸ ਦਫਤਰ ਦੇ ਯਾਦ ਪੱਤਰ ਨੰਬਰ 20103/ਸੀ.ਬੀ-ਐਸ.ਏ-1 ਮਿਤੀ 24.09.2018 ਦੀ ਲਗਾਤਾਰਤਾ ਵਿੱਚ।

ਉਕਤ ਵਿਸੇ ਦੇ ਸਬੰਧ ਵਿੱਚ ਏ.ਐਸ.ਆਈ ਪ੍ਰਿਤਪਾਲ ਸਿੰਘ ਨੰਬਰ 3770/ਪੀ.ਏ.ਪੀ ਅਤੇ 30 ਹੋਰਨਾਂ ਵੱਲੋਂ ਦਰਖਾਸਤ (ਕਾਪੀ ਨੱਥੀ) ਰਾਹੀਂ ਆਪਣੀ ਮੁੱਖ ਸਿਪਾਹੀ ਰੈਂਕ ਵਿੱਚ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਨ ਸਬੰਧੀ ਬੇਨਤੀ ਕੀਤੀ ਹੈ ਕਿ ਪੰਜਾਬ ਪੁਲਿਸ ਰੂਲਜ਼ 12.1(4) ਵਿਚ ਦਰਜ ਉਪਬੰਧਾ ਮੁਤਾਬਕ ਸਿਪਾਹੀ ਅਤੇ ਮੁੱਖ ਸਿਪਾਹੀ ਦੀ ਸੀਨੀਆਰਤਾ/ਤਰੱਕੀ ਜਿਲ੍ਹਾ ਲੈਵਲ ਪਰ ਅਤੇ ਏ.ਐਸ.ਆਈ ਤੇ ਸਬ-ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀ ਸੀਨੀਆਰਤਾ ਰੇਂਜ ਪੱਧਰ ਤੇ ਮੇਨਟੇਨ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਲੋਂ ਸਿਵਲ ਰਿਟ ਪਟੀਸ਼ਨ ਨੰਬਰ 4323 ਆਫ 1991 - ਲਕਸ਼ਮੀ ਨਰਾਇਨ ਅਤੇ ਹੋਰਨਾਂ ਬਨਾਮ ਹਰਿਆਣਾ ਸਰਕਾਰ ਵਿੱਚ ਹੁੱਕਮ ਮਿਤੀ 29/4/1991 ਨੂੰ ਇਹ ਹਦਾਇਤਾਂ ਜ਼ਾਰੀ ਕੀਤੀਆਂ ਹਨ ਕਿ **"the seniority of the Head Constables has to be determined by the Inspector General of Police on State-wise basis and not by the Deputy Inspector General of Police, on Range-wise basis. I do not find any merit in this contentions as under rule 13.8 and 13.9 of the rules, seniority of Head Constables has to be determined by the Deputy Inspector General of Police according to the range not on state-wise basis. This matter, therefore, stands settled and has assumed finality and there is no warrant for reopening the same. Still, if confirmation of any Head Constable has been made or benefit of seniority of promotion has been granted to any Head Constable in violation of the aforesaid rules and the rights of senior persons have been adversely affected, it is the duty of the respondent authorities to look into the matter and redress the genuine grievance of the senior Head Constables promptly."**

ਪੰਜਾਬ ਪੁਲਿਸ ਰੂਲਜ 12.1(4) ਮੁਤਾਬਿਕ ਆਰਮਡ ਵਿੰਗ ਦੇ ਸਿਪਾਹੀ ਅਤੇ ਮੁੱਖ ਸਿਪਾਹੀ ਕਰਮਚਾਰੀਆਂ ਦੀ ਸੀਨੀਆਰਤਾ ਵੱਖਰੇ ਤੌਰ ਪਰ ਮੇਨਟੇਨ ਕੀਤੀ ਜਾਂਦੀ ਸੀ। ਆਰਮਡ ਵਿੰਗ ਵਿਚ ਖਾਲੀ ਅਸਾਮੀਆਂ ਦੇ ਖਿਲਾਫ ਲੋਅਰ ਸਕੂਲ ਕੋਰਸ ਲਈ ਸੀਟਾਂ ਦੀ ਅਲਾਟਮੈਂਟ ਹੋਣ ਤੇ ਤਰੱਕੀ ਕੋਰਸ ਕਰਨ ਉਪਰੰਤ ਕਰਮਚਾਰੀਆਂ ਨੂੰ ਮੁੱਖ ਸਿਪਾਹੀ ਰੈਂਕ ਵਿਚ ਤਰੱਕੀਯਾਬ ਕੀਤਾ ਜਾਂਦਾ ਸੀ।ਜਿਸ ਅਨੁਸਾਰ ਉਨਾਂ ਨੂੰ ਬੀ-1 ਟੈਸਟ/ਲੋਅਰ ਸਕੂਲ ਕੋਰਸ ਪਾਸ ਕਰਨ ਉਪਰੰਤ ਰੂਲਾਂ/ਹਦਾਇਤਾਂ ਅਤੇ ਸੀਨੀਆਰਤਾ ਦੇ ਅਧਾਰ ਪਰ ਸਾਲ 2001 ਵਿੱਚ ਰੈਗੂਲਰ ਮੁੱਖ ਸਿਪਾਹੀ ਤਰੱਕੀਯਾਬ ਕੀਤਾ ਗਿਆ। ਇਸ ਤਰਾਂ ਉਨਾਂ ਨੇ ਕੋਈ ਵੀ ਵਾਰੀ ਤੋਂ ਪਹਿਲਾਂ ਤਰੱਕੀ ਹਾਸਲ ਨਹੀਂ ਕੀਤੀ ਸਗੋਂ ਵਾਰੀ ਸਿਰ ਹੀ ਤਰੱਕੀ ਹਾਸਲ ਕੀਤੀ ਹੈ।

ਸਾਲ 2018-2019 ਵਿਚ ਸਿਵਲ ਰਿੱਟ ਪਟੀਸ਼ਨ ਨੰਬਰ 4829/2011 ਅਤੇ ਸੀ.ਓ.ਸੀ.ਪੀ ਨੰਬਰ 1492/2015- ਪ੍ਰਦੀਪ ਸਿੰਘ ਬਨਾਮ ਪੰਜਾਬ ਸਰਕਾਰ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਲੋਂ ਪਾਸ ਕੀਤੇ ਗਏ ਹੁੱਕਮਾਂ ਦੀ ਪਾਲਣਾ ਹਿੱਤ ਆਪ ਜੀ ਦੇ ਦਫਤਰ ਵਲੋਂ ਮਿਤੀ 1.1.1975 ਤੋਂ 19.02.2008 ਤੱਕ ਜਿਲ੍ਹਾ ਪੁਲਿਸ ਕੇਡਰ ਅਤੇ ਆਰਮਡ ਪੁਲਿਸ ਕੇਡਰ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਲੋਅਰ ਸਕੂਲ ਕੋਰਸ ਦੀ ਮੈਰਿਟ/ਤਰੱਕੀ ਲਿਸਟ ਸੀ-1 ਦੇ ਅਧਾਰ ਤੇ ਸੀਨੀਆਰਤਾ ਲਿਸਟ ਜਾਰੀ ਕੀਤੀ ਗਈ ਸੀ, ਜਿਸ ਮੁਤਾਬਿਕ ਉਨਾਂ ਦੀ ਮੁੱਖ ਸਿਪਾਹੀ ਦੀ ਮਿਤੀ 24.12.2001 ਦੀ ਬਜਾਏ ਮਿਤੀ 01.04.2004 ਰਿਵਾਇਜਡ ਕੀਤੀ ਗਈ ਹੈ, ਜਿਸ ਨਾਲ ਉਨਾਂ ਨੂੰ ਮੁੱਖ ਸਿਪਾਹੀ ਰੈਂਕ ਦੀ ਸੀਨੀਆਰਤਾ ਵਿਚ 3/4 ਸਾਲ ਦਾ ਘਾਟਾ ਪਿਆ ਹੈ। ਹੁਣ 6ਵੇਂ ਤਨਖਾਹ ਕਮਿਸ਼ਨ ਮੁਤਾਬਿਕ ਉਨਾਂ ਦੀ ਤਨਖਾਹ ਨਵੀਂ ਸੀਨੀਆਰਤਾ ਮਿਤੀ (01.04.2004) ਮੁਤਾਬਿਕ ਰੀ-ਫਿਕਸ ਕਰਦੇ ਸਮੇਂ ਉਨਾਂ ਨੂੰ ਕਾਫੀ ਵਿੱਤੀ ਨੁਕਸਾਨ ਹੋਵੇਗਾ ਜਦਕਿ ਉਨਾਂ ਨੇ ਮਿਤੀ 24.12.2001 ਤੋਂ ਲੈ ਕੇ ਏ.ਐਸ.ਆਈ ਰੈਂਕ ਵਿਚ ਤਰੱਕੀਯਾਬ ਹੋਣ ਤੱਕ ਰੈਗੂਲਰ ਮੁੱਖ ਸਿਪਾਹੀ ਰੈਂਕ ਵਿਚ ਡਿਊਟੀ ਕੀਤੀ ਹੈ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਲੋਂ ਸਿਵਲ ਰਿਟ ਪਟੀਸ਼ਨ ਨੰਬਰ 1463 ਆਫ 2005 ਵਿੱਚ ਹੁੱਕਮ ਮਿਤੀ 05/02/2008 ਨੂੰ ਇਹ ਹਦਾਇਤਾਂ ਜ਼ਾਰੀ ਕੀਤੀਆਂ ਹਨ ਕਿ ***"No doubt, the petitioner has been placed at the bottom in the cadre of Divisional Accountant but we are of the considered view that petitioner is entitled to count his service as Revenue Accountant towards the grant of First Time Bound Pay Scale after completion of nine years. The Punjab and Haryana High Court in Civil Writ***

*Petition No. 6923 of 1988 decided on 21.7.1998 as held as under :-*

> *" It can be said that the previous service rendered in another department on being transferred on the persons own violation may be waste out for the purpose of seniority but it cannot be said so far the purpose of experience."*

*Hon'ble Supreme Court of India in its judgment dated 15.12.1989 in C.A.No. 3039 of 1998, Dwijan Chandra Sarkar and another v. Union of India (1999 SLR Section 39) held as under :-*

> *" The previous service of an employee appointed by transfer to another department should count for the purpose of time bound promotions but such promotions shall be as a measure personal to them. Such incumbents shall not take benefit of this time bound promotion towards seniority or for the issues related thereto, which in turn implies that such benefit shall not effect the normal seniority for those higher up".*

*Keeping in view the above said authorities, Punjab Government vide Circular No. 21/2002 decided as under :-*

> *" An employee who has previously held substantively or officiated in the same post, or a permanent or temporary post on the same time scale or a post having identical three/four times pay scales or in which time bound placement/grant of higher pay are provided as in the new post , in a Government department or a body incorporated or which is wholly or substantially owned by the Government, shall, in addition to the protect of pay actually drawn in the corresponding scale as per provisions of Rule 4.4(b) of Punjab Civil Services Rules, Vol-1, Part-I count, his previous service for the purpose of time bound promotion /grant of higher scale in the new post/service. This protection will be as a measure personal to him. He shall not be entitled to benefit to this time bound promotion towards seniority and shall be placed lower to those already higher up in the seniority clist. "*

*The pay sale of Revenue Accountant and Divisional Accountant is the same. The petitioner has been working in the same department i.e. PSEB. No doubt, the petitioner cannot claim any seniority over and above, the Divisional Accountant already working, but it would be unfair in case his service as Revenue Accountant is not counted for the purpose of First Time Bound Pay Scale. So, we accept the writ petition and order that the petitioner shall be entitled to First Time Bound Pay Scale from 19.4.2003 after completion of nine years of his service as Revenue Accountant and Divisional Accountant as detailed above and, thus, Annexure P-10 stands quashed. The said benefit shall be personal to the petitioner and shall not effect the already Senior Divisional Accountant.*

ਸਾਲ 2003/04 ਵਿੱਚ ਤਰੱਕੀ ਲਿਸ੍ਟ ਸੀ-2 ਦੇ 10% ਕੋਟੇ ਤੋਂ ਵੱਧ ਤਰੱਕੀ ਲੈਣ ਕਰਕੇ ਰਿਵਰਟ ਕੀਤੇ ਗਏ 295 ਖਿਡਾਰੀ ਕਰਮਚਾਰੀਆਂ ਦੀ ਤਨਖਾਹ ਮਿਤੀ 05.12.2003 ਤੋਂ ਹੀ ਪ੍ਰੋਟੈਕਟ ਕਰਨ ਲਈ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 15/14/2005-05ਐਚ3/3149 ਮਿਤੀ 28.12.2006 ਜਾਰੀ ਕੀਤਾ ਗਿਆ ਹੈ।ਜਿਸ ਦੇ ਪੈਰਾ ਨੰਬਰ 05 ਵਿੱਚ ਅੰਕਿਤ ਹੈ ਕਿ "*The seniority of these 295 Sportspersons is to be fixed from 05.12.2003. in their respective cadres.Their officiating service before 05.12.2003 is to be counted for pensionary benefits and for pay protection only not for the seniority purpose".*

ਇਸ ਸਬੰਧ ਵਿੱਚ ਇਹ ਦੱਸਣਯੋਗ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਿਕ ਸਾਲ 2018-2019 ਵਿਚ ਸਿਵਲ ਰਿੱਟ ਪਟੀਸ਼ਨ ਨੰਬਰ 4829/2011 ਅਤੇ ਸੀ.ਓ.ਸੀ.ਪੀ ਨੰਬਰ 1492/2015- ਪ੍ਰਦੀਪ ਸਿੰਘ ਬਨਾਮ ਪੰਜਾਬ ਸਰਕਾਰ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਲੋਂ ਪਾਸ ਕੀਤੇ ਗਏ ਹੁੱਕਮਾਂ ਦੀ ਪਾਲਣਾ ਹਿੱਤ ਆਪ ਜੀ ਦੇ ਦਫਤਰ ਵਲੋਂ ਪੱਤਰ ਨੰਬਰ 10932-47/ਈ-1 (5) ਮਿਤੀ 28.08.2018 ਰਾਹੀਂ ਮਿਤੀ 1.1.1975 ਤੋਂ 19.02.2008 ਤੱਕ ਜਿਲ੍ਹਾ ਪੁਲਿਸ ਕੇਡਰ ਦੇ 7218 ਅਤੇ ਆਰਮਡ ਪੁਲਿਸ ਕੇਡਰ ਦੇ 3756 ਕਰਮਚਾਰੀਆਂ/ਅਧਿਕਾਰੀਆਂ ਦੀ ਲੋਅਰ ਸਕੂਲ ਕੋਰਸ ਦੀ ਮੈਰਿਟ/ਤਰੱਕੀ ਲਿਸਟ ਸੀ-1 ਦੇ ਅਧਾਰ ਤੇ ਸੀਨੀਆਰਤਾ ਲਿਸਟ ਜਾਰੀ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਦਫਤਰ ਦੇ ਯਾਦ ਪੱਤਰ ਨੰਬਰ 25489-25588/ਸੀ.ਬੀ-ਐਸ.ਏ-2 ਮਿਤੀ 22.11.2018 ਰਾਹੀਂ ਆਰਮਡ ਪੁਲਿਸ ਕੇਡਰ ਦੇ ਮਿਤੀ 20.02.2008 ਤੋਂ ਬਾਅਦ ਮੁੱਖ ਸਿਪਾਹੀ ਤਰੱਕੀਯਾਬ 4349 ਕਰਮਚਾਰੀਆਂ ਦੀ ਸੀਨੀਆਰਤਾ ਲਿਸਟ ਜਾਰੀ ਕੀਤੀ ਗਈ ਸੀ।ਉਕਤ ਰਿਵਾਈਜਡ ਸੀਨੀਆਰਤਾ ਅਨੁਸਾਰ ਆਰਮਡ ਵਿੰਗ ਦੇ ਨਾਲ ਨੱਥੀ ਪ੍ਰੋਫਾਰਮੇ ਮੁਤਾਬਿਕ 1769 (**Serving/1507+Retd,expired,dismissed,etc/262**) ਕਰਮਚਾਰੀਆਂ ਦੀਆਂ ਮੁੱਖ ਸਿਪਾਹੀ ਰੈਂਕ ਵਿੱਚ

ਤਰੱਕੀ ਮਿਤੀਆਂ ਪਿੱਛੇ ਕੀਤੀਆਂ ਗਈਆਂ ਹਨ।

ਆਰਮਡ ਪੁਲਿਸ ਕੇਡਰ ਦੇ 1825 ਕਰਮਚਾਰੀਆਂ ਦੀਆਂ ਏ.ਐਸ.ਆਈ ਰੈਂਕ ਵਿੱਚ, 1143 ਦੀਆਂ ਐਸ.ਆਈ ਰੈਂਕ ਵਿੱਚ ਅਤੇ 264 ਦੀਆਂ ਇੰਸਪੈਕਟਰ ਰੈਂਕ ਵਿੱਚ ਨਵੀਆਂ ਬਣਾਈਆਂ ਗਈਆਂ ਸੀਨੀਆਰਤਾ ਸੂਚੀਆਂ ਮੁਤਾਬਿਕ ਤਰੱਕੀ ਮਿਤੀਆਂ ਪਿੱਛੇ ਕੀਤੀਆਂ ਗਈਆਂ ਸਨ, ਜਿਨ੍ਹਾਂ ਦੀ ਤਨਖਾਹ/ਪੈਨਸ਼ਨ ਪੰਜਾਬ ਸਰਕਾਰ ਪਾਸੋਂ ਪ੍ਰੋਟੈਕਟ ਕਰਾਉਣ ਲਈ ਕੇਸ ਇਸ ਦਫਤਰ ਦੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਜੀ ਦੇ ਦਫਤਰ ਨੂੰ ਭੇਜਿਆ ਗਿਆ ਹੈ।ਪ੍ਰੰਤੂ ਮੁੱਖ ਸਿਪਾਹੀ ਰੈਂਕ ਵਿੱਚ ਜਿਨ੍ਹਾਂ ਕਰਮਚਾਰੀਆਂ ਦੀਆਂ ਤਰੱਕੀਆਂ ਮਿਤੀਆਂ ਨਵੀਂ ਰਿਵਾਈਜ ਸੀਨੀਆਰਤਾ ਮੁਤਾਬਿਕ ਪਿੱਛੇ ਕੀਤੀਆਂ ਗਈਆਂ ਹਨ, ਦੀਆਂ ਤਨਖਾਹਾਂ ਛੇਵੇਂ ਤਨਖਾਹ ਕਮਿਸ਼ਨ ਮੁਤਾਬਿਕ ਰੀ-ਫਿਕਸ ਕਰਨ ਸਮੇਂ ਉਨਾਂ ਨੂੰ ਕਾਫੀ ਵਿੱਤੀ ਘਾਟਾ ਪੈ ਰਿਹਾ ਹੈ ਜਦੋਂ ਕਿ ਉਨਾਂ ਵੱਲੋਂ ਮੁੱਖ ਸਿਪਾਹੀ ਰੈਂਕ ਵਿਚ ਡਿਊਟੀ ਕੀਤੀ ਗਈ ਹੈ, ਇਸ ਲਈ ਉਨਾਂ ਦੀ ਤਨਖਾਹ ਰਿਵਾਇਜਡ ਮਿਤੀਆਂ ਤੋਂ ਫਿਕਸ ਕੀਤੀ ਜਾਣੀ ਨਹੀ ਬਣਦੀ ਅਤੇ ਉਨਾਂ ਨੂੰ ਸਿਰਫ ਸੀਨੀਆਰਤਾ ਸੂਚੀ ਵਿਚ ਹੀ ਨਵੀਆਂ ਰਿਵਾਈਜਡ ਤਰੱਕੀ ਮਿਤੀਆਂ ਮੁਤਾਬਿਕ ਅਡਜਸਟ ਕਰਨਾ ਬਣਦਾ ਹੈ।

ਉਕਤ ਤੱਥਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਏ.ਐਸ.ਆਈ ਪ੍ਰਿਤਪਾਲ ਸਿੰਘ ਨੰਬਰ 3770/ਪੀ.ਏ.ਪੀ ਅਤੇ 30 ਹੋਰਨਾਂ ਵੱਲੋਂ ਮੁੱਖ ਸਿਪਾਹੀ ਰੈਂਕ ਵਿੱਚ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਨ ਸਬੰਧੀ ਦਿੱਤੀ ਗਈ ਪ੍ਰਤੀਬੇਨਤੀ ਆਪ ਜੀ ਨੂੰ ਭੇਜ਼ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮੁੱਖ ਸਿਪਾਹੀ ਰੈਂਕ ਦੇ 1769 (**Serving 1507 +Retd, expired, dismissed,etc/262**) ਕਰਮਚਾਰੀਆਂ (ਸੂਚੀ ਨੱਥੀ) ਦੀ ਤਨਖਾਹ/ਪੈਨਸ਼ਨ ਪ੍ਰੋਟੈਕਟ ਕਰਾਉਣ ਲਈ ਪੰਜਾਬ ਸਰਕਾਰ ਨੂੰ ਬੇਨਤੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ:- ਉਕਤ ਅਨੁਸਾਰ।

ਵਾਸਤੇ ਸਪੈਸਲ ਡਾਇਰੈਕਟਰ ਜਨਰਲ,
ਸਟੇਟ ਆਰਮਡ ਪੁਲਿਸ,ਜਲੰਧਰ।

ਨੰਬਰ 11611-55 /ਸੀ.ਬੀ-ਐਸ.ਏ-2 ਮਿਤੀ 27/7/2021

ਉਕਤ ਪੱਤਰ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਕਰਨ ਹਿੱਤ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਮੁਤਾਬਿਕ 1769 ਕਰਮਚਾਰੀਆਂ ਦੀਆਂ ਨਾਮ ਵਾਈਜ ਸੂਚੀਆਂ **www.armedpolice.punjab.gov.in** ਤੇ ਅਪਲੋਡ ਕੀਤੀਆਂ ਗਈਆਂ ਹਨ:-

1.ਏ.ਡੀ.ਜੀ.ਪੀ ਅਪਰੇਸ਼ਨ-ਕਮ-ਐਸ.ਓ.ਜੀ. ਅਤੇ ਕਮਾਂਡੋ ਬਟਾਲੀਅਨਜ਼, ਬਹਾਦਰਗੜ੍ਹ, ਪਟਿਆਲਾ।
2.ਡਾਇਰੈਕਟਰ, ਪੰਜਾਬ ਪੁਲਿਸ ਅਕੈਡਮੀ, ਫਿਲੌਰ।
3.ਆਈ.ਜੀ.ਪੀ ਐਸ.ਐਸ.ਜੀ/ਐਸ.ਪੀ.ਯੂ, ਪੰਜਾਬ ਚੰਡੀਗੜ੍ਹ।
4.ਸਮੂਹ ਇੰਸਪੈਕਟਰ ਜਨਰਲ ਪੁਲਿਸ, ਸਟੇਟ ਆਰਮਡ ਪੁਲਿਸ ।
5.ਸਮੂਹ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਸਟੇਟ ਆਰਮਡ ਪੁਲਿਸ ।
6.ਸਮੂਹ ਕਮਾਡੈਂਟਸ/ਯੂਨਿਟ ਇੰਚਾਰਜ, ਸਟੇਟ ਆਰਮਡ ਪੁਲਿਸ।
7.ਕਮਾਡੈਂਟ, ਪੀ.ਆਰ.ਟੀ.ਸੀ. ਜਹਾਨਖੇਲਾਂ।
8.ਇੰਚਾਰਜ਼, ਕੰਟਰੋਲ ਰੂਮ, ਪੀ.ਏ.ਪੀ. ਜਲੰਧਰ ।
9.ਸੁਪਰਡੰਟ ਪ੍ਰਸ਼ਾਸਨ (ਦਫਤਰ ਵਿੱਚ)।
10.ਇੰਚਾਰਜ ਈ.ਆਰ.ਐਮ.ਐਸ ਪੀ.ਏ.ਪੀ ਜਲੰਧਰ। 1769 ਕਰਮਚਾਰੀਆਂ ਦੀਆਂ ਨਾਮ ਵਾਈਜ ਲਿਸ਼ਟਾਂ ਨਾਲ ਨੱਥੀ ਹਨ, ਜੋ ਕਿ ਉਕਤ ਵੈਬਸਾਈਟ ਤੇ ਅਪਲੋਡ ਕੀਤੀਆਂ ਜਾਣ।

ਵਾਸਤੇ ਸਪੈਸਲ ਡਾਇਰੈਕਟਰ ਜਨਰਲ,
ਸਟੇਟ ਆਰਮਡ ਪੁਲਿਸ,ਜਲੰਧਰ।